File No DPIEE-EST 102/6/2021 - ESTABLISHMENT-2 DPIEE

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ) ਪੰਜਾਬ**

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।
2. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।

ਮੀਮੋ ਨੰ: ਡਿਪਟੀ ਐਸ.ਪੀ.ਡੀ (ਪੀ.ਈ.ਡੀ.ਬੀ)/2021/186310/297938

ਮਿਤੀ: 03.09.2021

ਵਿਸ਼ਾ:-ਅਧਿਆਪਕਾਂ ਦੀ ਬਦਲੀ ਦੇ ਹੁਕਮ ਲਾਗੂ ਕਰਨ ਸਬੰਧੀ।

ਹਵਾਲਾ: ਦਫਤਰ ਦੇ ਮੀਮੋ ਨੰ: ਡਿਪਟੀ ਐਸ.ਪੀ.ਡੀ (ਪੀ.ਈ.ਡੀ.ਬੀ)/2021/122853 ਮਿਤੀ 08.04.2021

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਹਵਾਲਾ ਅਧੀਨ ਪੱਤਰ ਦੀ ਮੱਦ ਨੰ:6.0 ਅਨੁਸਾਰ ਲਿਖਿਆ ਗਿਆ ਸੀ ਕਿ ਬਦਲੀ ਹੋਣ ਉਪਰੰਤ ਅਧਿਆਪਕ ਨੂੰ ਸਕੂਲ ਤੋਂ ਫਾਰਗ ਕਰਨ ਤੋਂ ਪਹਿਲਾਂ ਸਕੂਲ ਮੁੱਖੀ/ਡੀ.ਡੀ.ਓ ਇਹ ਸੁਨਿਸਚਿਤ ਕਰਨਗੇ ਕਿ ਅਧਿਆਪਕ ਟੀਚਰ ਟ੍ਰਾਂਸਫਰ ਪਾਲਿਸੀ 2019 ਅਤੇ ਉਸ ਵਿੱਚ ਸਮੇਂ ਸਮੇਂ ਤੇ ਕੀਤੀਆਂ ਸੋਧਾਂ ਅਨੁਸਾਰ ਬਦਲੀ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ। ਇਸ ਤੋਂ ਇਲਾਵਾ ਕੁਝ ਅਧਿਆਪਕ ਅਜਿਹੇ ਹਨ ਜਿੰਨਾਂ ਦੀ ਬਦਲੀ ਸਾਲ 2019 ਦੌਰਾਨ ਟੀਚਰ ਟ੍ਰਾਂਸਫਰ ਪਾਲਿਸੀ ਤਹਿਤ ਹੀ ਹੋਈ ਸੀ ਅਤੇ ਸਕੂਲ ਵਿੱਚ ਠਹਿਰ 2 ਸਾਲ ਤੋਂ ਘੱਟ ਹੈ, ਅਜਿਹੇ ਅਧਿਆਪਕਾਂ ਨੂੰ ਸਕੂਲ ਤੋਂ ਫਾਰਗ ਨਾ ਕੀਤਾ ਜਾਵੇ ਅਤੇ ਨੋਡਲ ਅਫਸਰ ਰਾਹੀਂ ਇਹਨਾਂ ਦੀ ਸੂਚਨਾਂ ਮੁੱਖ ਦਫਤਰ ਨੂੰ ਭੇਜੀ ਜਾਵੇ।

2.0 ਵਿਭਾਗ ਦੀ ਜਨਤਕ ਸੂਚਨਾਂ ਮੀਮੋ ਨੰ: **DySPD (PEDB)/2021/264275** ਮਿਤੀ 04.08.2021 ਰਾਹੀਂ ਲਿਖਿਆ ਗਿਆ ਸੀ ਕਿ ਸਟੇਸਨ ਚੋਣ ਲਈ ਕਰਮਚਾਰੀ ਯੋਗ ਹੋਣਗੇ:

I. ਅਜਿਹੇ ਅਧਿਆਪਕ ਜਿੰਨਾਂ ਦੀ ਬਦਲੀ ਸਾਲ 2019 ਦੌਰਾਨ ਹੋਈ ਹੋਵੇ ਅਤੇ ਉਸ ਉਪਰੰਤ ਮੌਜੂਦਾ ਸਟੇਸਨ ਤੇ 2 ਸਾਲ ਦੀ ਠਹਿਰ ਮਿਤੀ 31.08.2021 ਤੱਕ ਪੂਰੀ ਹੁੰਦੀ ਹੋਵੇ।

II. ਅਜਿਹੇ ਅਧਿਆਪਕ ਜਿੰਨਾਂ ਦੀ ਤਰੱਕੀ ਮਿਤੀ 25.06.2019 ਉਪਰੰਤ ਹੋਈ ਹੋਵੇ ਅਤੇ ਮੌਜੂਦਾ ਸਟੇਸਨ ਤੇ ਠਹਿਰ ਮਿਤੀ 01.04.2022 ਜਾਂ ਉਸ ਤੋਂ ਪਹਿਲਾਂ ਪੂਰੀ ਹੁੰਦੀ ਹੋਵੇ। ਪਰੰਤੂ ਅਜਿਹੇ ਅਧਿਆਪਕਾਂ ਦੀ ਬਦਲੀ ਹੋਣ ਦੀ ਸੂਰਤ ਵਿੱਚ ਮੌਜੂਦਾ ਸਟੇਸਨ ਤੇ 2 ਸਾਲ ਦਾ ਸਮਾਂ ਪੂਰਾ ਹੋਣ ਉਪਰੰਤ ਹੀ ਲਾਗੂ ਹੋਵੇਗੀ।

3.0 ਵਿਭਾਗ ਵਲੋਂ ਹਵਾਲਾ ਅਧੀਨ ਪੱਤਰ ਰਾਹੀਂ ਜਾਰੀ ਹਦਾਇਤਾਂ ਨੂੰ ਮੁੜ ਵਿਚਾਰਿਆ ਗਿਆ ਅਤੇ ਪਾਇਆ ਕਿ ਕੋਵਿਡ-2019 ਕਾਰਨ ਪੈਦਾ ਹੋਏ ਹਲਾਤਾਂ ਦੇ ਸਨਮੁੱਖ ਸਕੂਲ ਕਾਫੀ ਲੰਬੇ ਸਮੇਂ ਦੇ ਅੰਤਰਾਲ ਬਾਅਦ ਖੁੱਲੇ ਹਨ, ਵਿਦਿਆਰਥੀ ਸਕੂਲ ਵਿੱਚ ਆਉਣਾ ਸੁਰੂ ਹੋਏ ਹਨ ਅਤੇ ਵਿਦਿਆਰਥੀਆਂ ਦੀ

ਪੜ੍ਹਾਈ ਦਾ ਕਾਫੀ ਨੁਕਸਾਨ ਹੋਇਆ ਹੈ। ਇਸ ਤੋਂ ਇਲਾਵਾ ਭਾਰਤ ਸਰਕਾਰ ਵਲੋਂ **National Achivement Survey-2021** ਕਰਵਾਇਆ ਜਾ ਰਿਹਾ ਹੈ ਅਤੇ ਸਲਾਨਾ ਪ੍ਰੀਖਿਆਵਾਂ ਵੀ ਮਾਰਚ 2022 ਵਿੱਚ ਕਰਵਾਈਆਂ ਜਾਣੀਆਂ ਹਨ। ਪ੍ਰਾਇਮਰੀ ਸਕੂਲਾਂ ਵਿੱਚ ਕਾਫੀ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਹੈ ਅਤੇ ਪ੍ਰਾਇਮਰੀ ਅਧਿਆਪਕਾਂ ਦੀ ਨਵੀਂ ਨਿਯੁਕਤੀ ਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋ ਰੋਕ ਲਗਾਈ ਗਈ ਹੈ ਜਿਸ ਕਾਰਨ ਨਵੀਂਆਂ ਨਿਯੁਕਤੀਆਂ ਲੰਬਿਤ ਹਨ।

4.0 ਉਪਰੋਕਤ ਪੈਰ੍ਹਾ 3.0 ਵਿੱਚ ਦਰਸਾਈ ਸਥਿਤੀ ਦੇ ਸਨਮੁੱਖ ਵਿਭਾਗ ਵਲੋਂ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਫੈਸਲਾ ਕੀਤਾ ਗਿਆ ਹੈ ਕਿ ਹੇਠ ਲਿਖੇ ਅਨੁਸਾਰ ਜਿੰਨਾਂ ਅਧਿਆਪਕਾਂ ਦੀ ਬਦਲੀ ਸਾਲ 2021 ਦੌਰਾਨ ਹੋਈ ਹੈ, ਦੀ ਬਦਲੀ ਦੇ ਹੁਕਮ ਮਿਤੀ 01.04.2022 ਨੂੰ ਲਾਗੂ ਕੀਤੇ ਜਾਣਗੇ:

I. ਅਜਿਹੇ ਅਧਿਆਪਕ ਜਿੰਨਾਂ ਦੀ ਬਦਲੀ ਸਾਲ 2019 ਦੌਰਾਨ ਹੋਈ ਸੀ ਅਤੇ ਉਸ ਉਪਰੰਤ ਮੌਜੂਦਾ ਸਟੇਸਨ ਤੇ 2 ਸਾਲ ਦੀ ਠਹਿਰ ਮਿਤੀ 31.08.2021 ਤੱਕ ਪੂਰੀ ਹੁੰਦੀ ਹੈ।

II. ਅਜਿਹੇ ਅਧਿਆਪਕ ਜਿੰਨਾਂ ਦੀ ਤਰੱਕੀ ਮਿਤੀ 25.06.2019 ਉਪਰੰਤ ਹੋਈ ਹੋਵੇ ਅਤੇ ਮੌਜੂਦਾ ਸਟੇਸ਼ਨ ਤੇ 2 ਸਾਲ ਦੀ ਠਹਿਰ ਮਿਤੀ 01.04.2022 ਜਾਂ ਉਸ ਤੋਂ ਪਹਿਲਾਂ ਪੂਰੀ ਹੁੰਦੀ ਹੋਵੇ।

ਉਪਰੋਕਤ ਹਦਾਇਤਾਂ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੀਆਂ ਜਾਂਦੀਆਂ ਹਨ।

03/09/2021

ਸਹਾਇਕ ਡਾਇਰੈਕਟਰ